*ਡਿਵੈਲਪਮੈਂਟ ਦਾ ਸਾਮਰਾਜੀ ਸੰਕਲਪਃ*

# ਬਾਦਸ਼ਾਹਾਂ ਦੇ ਦੈਵੀ ਹੱਕ ਤੋਂ ਲੈ ਕੇ ਮੰਡੀ ਦੇ ਦੈਵੀ ਹੱਕ ਤੱਕ

ਹਿੰਦੁਸਤਾਨੀ ਸਰਕਾਰ, ਅਮਰੀਕਾ, ਬਰਤਾਨੀਆ, ਸੰਸਾਰ ਬੈਂਕ, ਵਿਸ਼ਵ ਵਪਾਰ ਸੰਸਥਾ ਅਤੇ ਗੈਰ ਸਰਕਾਰੀ ਜਥੇਬੰਦੀਆਂ ਆਦਿ, ਸਾਰੇ ਹੀ ਡਿਵੈਲਪਮੈਂਟ ਜਾਂ ਵਿਕਾਸ ਦਾ ਮੰਤਰ ਜਪਦੇ ਹਨ। ਇਹ ਵਿਕਾਸ ਕਰਦਾ ਕੀ ਹੈ? ਇਹ ਵਿਕਾਸ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਵਿਚ ਕੀ ਮਦਦ ਕਰਦਾ ਹੈ? ਇਹ ਨਾਗਰਿਕਾਂ ਦੇ ਹੱਕਾਂ ਅਤੇ ਦਾਅਵਿਆਂ ਨੂੰ ਕਿਵੇਂ ਪੂਰੇ ਕਰਦਾ ਹੈ? ਇਹ ਕੁਝ ਬੁਨਿਆਦੀ ਸਵਾਲ ਹਨ ਜੋ ਭਾਰਤ ਅਤੇ ਸੰਸਾਰ ਦੇ ਹੋਰ ਮੁਲਕਾਂ ਦੇ ਲੋਕ ਇਸ ਵੇਲੇ ਉਠਾ ਰਹੇ ਹਨ, ਅਤੇ ਇਨ੍ਹਾਂ ਸਵਾਲਾਂ ਦੇ ਜੁਆਬ ਸੰਜੀਦਗੀ ਨਾਲ ਦੇਣ ਦੀ ਥਾਂ ਸਰਕਾਰਾਂ, ਗੈਰ ਸਰਕਾਰੀ ਜਥੇਬੰਦੀਆਂ ਅਤੇ ਯੂ.ਐਨ.ਡੀ.ਪੀ. ਵਰਗੇ ਕੌਮਾਂਤਰੀ ਅਦਾਰੇ `ਵਿਕਾਸ` `ਵਿਕਾਸ ਦੇ ਮੰਤਰ ਦਾ ਜਾਪ ਹੋਰ ਵੀ ਜੋਸ਼ ਅਤੇ ਸ਼ਰਧਾ ਨਾਲ ਕਰ ਰਹੇ ਹਨ।

ਵਿਕਾਸ ਦੇ ਜਿਸ ਨਮੂਨੇ ਤੇ ਚੱਲਣ ਦੀ ਤਜਵੀਜ਼ ਇਹ ਸਾਰੀਆਂ ਜਥੇਬੰਦੀਆਂ ਅਤੇ ਅਦਾਰੇ ਪੇਸ਼ ਕਰ ਰਹੇ ਹਨ ਇਹ ਨਮੂਨਾ ਯੂਰਪ ਵਿਚ ਉਸ ਵੇਲੇ ਪੈਦਾ ਹੋਇਆ ਜਦ ਸਰਮਾਏਦਾਰੀ ਜਮਾਤ ਨੇ ਬਾਦਸ਼ਾਹਤ ਅਤੇ ਚਰਚ ਉੱਤੇ ਜਿਤ ਹਾਸਲ ਕਰ ਲਈ। ਇਸ ਜਿਤ ਦੀ ਬਦੌਲਤ ਅੱਗੇ ਆਈ ਹਾਕਮ ਜਮਾਤ ਨੇ ਬਾਦਸ਼ਾਹਾਂ ਦੇ ਦੈਵੀ ਹੱਕ ਦਾ ਭੋਗ ਪਾ ਦਿਤਾ ਤੇ ਇਸ ਦੀ ਥਾਂ ਬਾਜ਼ਾਰ ਦੇ ਦੈਵੀ ਹੱਕ ਦਾ ਝੰਡਾ ਗੱਡ ਦਿਤਾ। ਦਾਅਵੇ ਇਹ ਕੀਤੇ ਗਏ ਕਿ ਬਾਜ਼ਾਰ ਦੇ ਦੈਵੀ ਹੱਕ ਦੇ ਸਾਹਮਣੇ ਬਾਕੀ ਸਾਰੇ ਹੱਕ ਮਹੱਤਵਹੀਣ ਹਨ ਅਤੇ ਬਾਜ਼ਾਰ ਦਾ ਦੈਵੀ ਹੱਕ ਸੱਭ ਤੋਂ ਉਪਰ ਹੈ ਜੋ ਆਪਣੇ ਗੁੱਝੇ ਹੱਥ ਦੀ ਮਾਰ ਨਾਲ ਅਮਨ, ਖੁਸ਼ਹਾਲੀ ਤੇ ਸੋਹਣੀ ਸਰਕਾਰ ਦੇਵੇਗਾ ਤੇ ਬਾਕੀ ਲੋਕਾਂ ਦੇ ਹੱਕਾਂ ਦੀ ਵੀ ਜ਼ਾਮਨੀ ਇਹੀ ਚੀਜ਼ ਹੈ।

ਮੰਡੀ ਦੇ ਹੱਕ ਦੀ ਪੂਜਾ ਨਾਲ ਹਿੰਦੁਸਤਾਨ ਦੇ ਲੋਕਾਂ ਦਾ ਦੋ ਸਦੀਆਂ ਦਾ ਤਜਰਬਾ ਅਤੇ ਹੋਰ ਬਹੁਤ ਸਾਰੇ ਮੁਲਕਾਂ ਦੇ ਲੋਕਾਂ ਦਾ ਇਸ ਤੋਂ ਵੀ ਬਹੁਤੇ ਚਿਰਾਂ ਦਾ ਤਜਰਬਾ ਦੱਸਦਾ ਹੈ ਕਿ ਮੰਡੀ ਦੇ ਦੈਵੀ ਹੱਕ ਅਤੇ ਇਹਦਾ ਗੁੱਝਾ ਹੱਥ ਲੋਕਾਂ ਦੇ ਹੱਕਾਂ ਦੀ ਕੋਈ ਰਾਖੀ ਜਾਂ ਪਰਵਾਹ ਨਹੀਂ ਕਰਦਾ ਤੇ ਨਾ ਹੀ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਿਆ ਹੈ। ਹੋਰ ਗੱਲ ਇਹ ਹੈ ਕਿ ਇਹ ਗੁੱਝਾ ਹੱਥ ਗੁੱਝਾ ਬਿਲਕੁਲ ਹੀ ਨਹੀਂ। ਬਾਜ਼ਾਰ ਜਾਂ ਮੰਡੀ ਦਾ ਇਹ ਬੇਰਹਿਮ ਹੱਥ ਮੰਡੀ ਸਾਜ਼ਾਂ ਅਤੇ ਮੰਡੀ ਦੇ ਮਾਲਕ ਵੱਡਿਆਂ ਧਨਾਢਾਂ ਦਾ ਹੱਥ ਹੈ ਜੋ ਸਾਰੇ ਸਮਾਜ ਦੇ ਖ਼ਿਲਾਫ਼ ਇਸ ਹੱਥ ਨੂੰ ਵਰਤਦੇ ਹਨ ਤੇ ਸ਼ਰੇਆਮ ਵਰਤਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਜੇ ਸਾਰੇ ਸਮਾਜ ਦੇ ਕੁਦਰਤੀ ਵਸੀਲੇ ਇਨ੍ਹਾਂ ਦੇ ਹਵਾਲੇ ਕਰ ਦਿਤੇ ਜਾਣ ਤਾਂ ਬਾਕੀ ਲੋਕਾਂ ਦੇ ਮੂੰਹ ਵਿਚ ਵੀ ਬੁਰਕੀ ਜ਼ਰੂਰ ਪਵੇਗੀ।

ਕੁਝ ਇਹੋ ਜਿਹੇ ਵੀ ਹਨ ਜੋ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਤੇ ਦਲੀਲ ਦਿੰਦੇ ਹਨ ਕਿ ਇਕ ਰਲਵੀਂ ਮਿਲਵੀਂ ਅਰਥ ਵਿਵਸਥਾ ਜ਼ਿਆਦਾ ਠੀਕ ਰਹੇਗੀ ਜਿਥੇ ਸਟੇਟ ਅਤੇ ਬਾਜ਼ਾਰ ਰਲ ਕੇ ਲੋਕਾਂ ਦੇ ਸਿਰਾਂ ਤੇ ਬੈਠਣ ਅਤੇ ਲੋਕਾਂ ਦੇ ਜੀਵਨ ਨੂੰ ਚਲਾਉਣ। ਪਰ ਉਹ ਲੋਕਾਂ ਨੂੰ ਇਹ ਗੱਲ ਦੱਸਣੀ ਭੁਲ ਜਾਂਦੇ ਹਨ ਕਿ ਸਟੇਟ ਵੀ ਅਜਾਰੇਦਾਰ ਧਨਾਢਾਂ ਅਤੇ ਵਿੱਤੀ ਅਦਾਰਿਆਂ ਦੇ ਹਿਤਾਂ ਅਤੇ ਇਸ਼ਾਰਿਆਂ ਮੁਤਾਬਕ ਹੀ ਕੰਮ ਕਰਦੀ ਹੈ। ਮੰਡੀ ਦੇ ਦੈਵੀ ਹੱਕ ਦਾ ਹੀ ਇਹ ਇਕ ਹੋਰ ਰੂਪ ਹੈ।

ਸਵਾਲ ਇਹ ਹੈ ਕਿ ਮੰਡੀ ਦੇ ਇਸ ਦੈਵੀ ਹੱਕ ਨੂੰ ਅਤੇ ਲੁਟ ਨੂੰ ਲੋਕ ਕਾਹਦੇ ਲਈ ਸਵੀਕਾਰ ਕਰਨ? ਲੋਕਾਂ ਨੂੰ ਬਜ਼ਾਰ ਦੇ ਇਸ ਦੈਵੀ ਹੱਕ ਨੂੰ ਸਵੀਕਾਰ ਕਰਨ ਦੀ ਕੋਈ ਲੋੜ ਨਹੀਂ ਜਿਹਨੂੰ ਹਿੰਦੁਸਤਾਨ ਦੀ ਸਟੇਟ, ਸਾਮਰਾਜ, ਸੰਸਾਰ ਬੈਂਕ, ਯੂ.ਐਨ.ਡੀ.ਪੀ. ਤੇ ਗੈਰ ਸਰਕਾਰੀ ਜਥੇਬੰਦੀਆਂ ਲੋਕਾਂ ਸਿਰ ਮੜ੍ਹ ਰਹੀਆਂ ਹਨ। ਇਹਦੇ ਉਲਟ ਲੋਕਾਂ ਨੂੰ ਆਪ ਇਸ ਦਾ ਮੁਤਬਾਦਲ ਲੱਭਣ ਅਤੇ ਵਿਕਸਤ ਕਰਨ ਦੀ ਲੋੜ ਹੈ।

## ਮੰਡੀ ਦੇ ਦੈਵੀ ਹੱਕ ਅਤੇ ਲੁੱਟ ਦਾ ਬਦਲ ਕੀ ਹੈ?

ਹਿੰਦੁਸਤਾਨ ਦਾ ਸਮਾਜਿਕ ਤੇ ਆਰਥਕ ਸਿਧਾਂਤ ਸਾਨੂੰ ਦੱਸਦਾ ਹੈ ਕਿ ਸਮਾਜ ਵਿਚਲੀ ਸਾਰੀ ਦੌਲਤ ਇਨਸਾਨਾਂ ਵਲੋਂ ਕੁਦਰਤ ਦੇ ਵਸੀਲਿਆਂ ਨੂੰ ਵਰਤ ਕੇ ਪੈਦਾ ਹੁੰਦੀ ਹੈ ਅਤੇ ਸਮਾਜ ਲੋਕਾਂ ਦੇ ਸਾਰੇ ਸਮੂਹਾਂ ਅਤੇ ਵਿਅਕਤੀ ਦੇ ਮਿਸ਼ਰਣ ਦਾ ਨਾਮ ਹੈ। ਵਿਅਕਤੀ ਦਾ ਧਰਮ ਇਹ ਯਕੀਨੀ ਬਣਾਉਣਾ ਹੈ ਕਿ ਸਮਾਜ ਵਿਅਕਤੀ ਦੀਆਂ ਜ਼ਰੂਰਤਾਂ ਦਾ ਖਿਆਲ ਰੱਖੇ ਅਤੇ ਸਮਾਜ ਦਾ ਧਰਮ ਇਹ ਯਕੀਨੀ ਬਣਾਉਣਾ ਹੈ ਕਿ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਦੇ ਕੰਮ ਵਿਚ ਹਿਸਾ ਲਵੇ। ਇਸ ਤਰ੍ਹਾਂ ਸਾਰਿਆਂ ਦਾ ਸੁੱਖ ਤੇ ਰਾਖੀ ਯਕੀਨੀ ਬਣੇਗੀ ਤੇ ਸਮਾਜ ਦੇ ਸਾਰੇ ਮੈਂਬਰਾਂ ਦੇ ਹੱਕ, ਦਾਅਵੇ ਪੂਰੇ ਹੋਣਗੇ ਤੇ ***ਸਰਵ ਜਨਾਹ ਭਵਨਤੁ ਸੁਖੀਨਾਹ*** ਭਾਵ ਸਰਬਤ ਦੇ ਭਲੇ ਲਈ ਸਾਡੇ ਲੋਕਾਂ ਤਾਂਘ ਪੂਰੀ ਹੋਵੇਗੀ।

ਸੋ, ਇਸ ਦੀ ਬਜਾਏ ਕਿ ਸਮਾਜ ਅਤੇ ਵਿਅਕਤੀ ਆਪਣੀ ਤਕਦੀਰ ਬਜ਼ਾਰ ਅਤੇ ਸਟੇਟ ਦੀਆਂ ਅੰਨ੍ਹੀਆਂ ਤਾਕਤਾਂ ਦੇ ਹਵਾਲੇ ਕਰ ਦੇਣ, ਸਮਾਜ ਵਿਚ ਉਤਪਾਦਨ ਅਤੇ ਉਤਪਾਦਨ ਦੀ ਵੰਡ ਨੂੰ ਇਸ ਤਰੀਕੇ ਨਾਲ ਤਰਤੀਬਬੰਦ ਕੀਤਾ ਜਾਵੇ ਕਿ ਕਿਸੇ ਇਲਾਕੇ ਦੇ ਕੁਦਰਤੀ ਸਾਧਨਾ ਤੇ ਲੋਕਾਂ ਦੀ ਮਿਹਨਤ ਨਾਲ ਪੈਦਾ ਕੀਤੀ ਗਈ ਦੌਲਤ ਅਤੇ ਦੌਲਤ ਨੂੰ ਤਕਸੀਮ ਕਰਨ ਦੇ ਹਰ ਫੈਸਲੇ ਉੱਤੇ ਉਥੋਂ ਦੇ ਲੋਕਾਂ ਦਾ ਕੰਟਰੋਲ ਹੋਵੇ।

ਮਿਸਾਲ ਦੇ ਤੌਰ ਤੇ, ਕਿਸੇ ਸ਼ਹਿਰ ਜਾਂ ਇਲਾਕੇ ਦੇ ਲੋਕਾਂ ਦਾ ਉਥੇ ਦੀਆਂ ਫ਼ੈਕਟਰੀਆਂ, ਮਿਲਾਂ ਅਤੇ ਪੈਦਾਵਾਰ ਉੱਤੇ ਪੂਰਾ ਕੰਟਰੋਲ ਹੋਵੇ ਅਤੇ ਲੋਕ ਫੈਸਲੇ ਕਰਨ ਕਿ ਕੀ ਪੈਦਾ ਕਰਨਾ ਹੈ, ਕਿੰਨਾ ਪੈਦਾ ਕਰਨਾ ਹੈ, ਕੀਮਤ ਕੀ ਰੱਖਣੀ ਹੈ, ਪੈਦਾਵਾਰ ਨੂੰ ਕਿਥੇ ਵੇਚਣਾ ਜਾਂ ਵਟਾਂਦਰਾ ਕਰਨਾ ਹੈ। ਸਟੇਟ ਦੀਆਂ ਏਜੰਸੀਆਂ ਦਾ ਕੰਮ ਹੋਵੇ ਪੈਦਾਵਾਰ ਕਰਨ, ਵੰਡਣ ਅਤੇ ਚੀਜ਼ਾਂ ਦੇ ਤਬਾਦਲੇ ਵਿਚ ਲੋਕਾਂ ਨੂੰ

ਸਾਰੀ ਸਹੂਲਤ ਦੇਣੀ ਤੇ ਪੈਦਾਵਾਰ ਦਾ ਮੰਤਵ ਲੋਕਾਂ ਦੀ ਵੱਧ ਰਹੀ ਪਦਾਰਥਕ ਤੇ ਸਭਿਆਚਾਰਕ ਜ਼ਰੂਰਤ ਦੀ ਪੂਰਤੀ ਕਰਨਾ। ਸ਼ਹਿਰ ਵਿਚ ਜੋ ਕੁਝ ਵੀ ਪੈਦਾ ਕੀਤਾ ਜਾ ਰਿਹਾ ਹੈ ਇਸ ਦਾ ਤਬਾਦਲਾ ਦੂਜੇ ਇਲਾਕਿਆਂ ਦੀਆਂ ਪੈਦਾ ਕੀਤੀਆਂ ਵਸਤਾਂ ਤੇ ਸੇਵਾਵਾਂ ਨਾਲ ਕੀਤਾ ਜਾ ਸਕਦਾ ਹੈ। ਇਹ ਸਾਰੀ ਚੀਜ਼ ਨੂੰ ਕਰਨ ਦੇ ਰਾਹ ਲੱਭੇ ਜਾ ਸਕਦੇ ਹਨ, ਤੇ ਇਹ ਕੋਈ ਵੱਡੀ ਗੁੰਝਲਦਾਰੀ ਗੱਲ ਨਹੀਂ।

ਜਦ ਉਤਪਾਦਨ ਕਰਨ ਦੀ ਸਾਰੀ ਵਿਧੀ ਸਮਾਜਿਕ ਸ਼ਕਲ ਅਖਤਿਆਰ ਕਰ ਚੁਕੀ ਹੈ ਤਾਂ ਫੇਰ ਪੈਦਾਵਾਰ ਨੂੰ ਬਾਜ਼ਾਰ ਦੇ ਗੁੱਝੇ ਹੱਥਾਂ ਦੇ ਹਵਾਲੇ ਕਾਹਦੇ ਲਈ ਕੀਤੀ ਜਾਵੇ? ਕੀਤੀ ਹੋਈ ਪੈਦਾਵਾਰ ਦਾ ਕੰਟਰੋਲ ਸਮਾਜਿਕ ਕਿਉਂ ਨਾ ਹੋਵੇ? ਕੁਦਰਤੀ ਅਤੇ ਸਮਾਜਿਕ ਵਿਗਿਆਨ ਦਾ ਹੁਣ ਤੱਕ ਦਾ ਸਾਰਾ ਤਜਰਬਾ ਅਤੇ ਵਿਕਾਸ ਇਸ਼ਾਰਾ ਕਰਦਾ ਹੈ ਕਿ ਇਨਸਾਨੀ ਜੀਵ ਕੋਲ ਇਹ ਸਮਝਣ ਦੀ ਸਮਰੱਥਾ ਹੈ ਕਿ ਕਿਹੜੀ ਚੀਜ਼ ਦੀ ਘਾਟ ਹੈ ਤੇ ਇਹ ਘਾਟ ਕਿਵੇਂ ਪੂਰੀ ਕਰਨੀ ਹੈ। ਮੰਡੀ ਦੇ ਦੈਵੀ ਹੱਕ ਦੀ ਮੰਗ ਇਹ ਹੈ ਕਿ ਇਨਸਾਨੀ ਜੀਵ ਆਪਣੀ ਏਸ ਇਨਸਾਨੀ ਸਮਰੱਥਾ ਨੂੰ ਭੁਲ ਜਾਵੇ ਅਤੇ ਸਾਰਾ ਕੁਝ ਮੰਡੀ ਦੇ ਦੈਵੀ ਹੱਕ ਅਤੇ ਕੁਝ ਧਨਾਢਾਂ ਤੇ ਸ਼ਕਤੀਸ਼ਾਲੀ ਅਜਾਰੇਦਾਰੀਆਂ ਦੇ ਰਹਿਮ ਕਰਮ ਤੇ ਛੱਡ ਦੇਵੇ।

ਮਨੁੱਖੀ ਜੀਵ ਮੰਡੀ ਦੇ ਦੈਵੀ ਹੱਕ ਜਾਂ ਸਟੇਟ ਦੇ ਇਸ ਆਦੇਸ਼ ਨੂੰ ਨਹੀਂ ਮੰਨ ਸਕਦੇ। ਆਪਣੀ ਤਕਦੀਰ ਉਹ ਬਜ਼ਾਰ ਅਤੇ ਸਟੇਟ ਦੇ ਹਵਾਲੇ ਨਹੀਂ ਕਰ ਸਕਦੇ ਜੋ ਬਾਜ਼ਾਰ ਸਾਜ਼ਾਂ ਦੇ ਕੰਟਰੋਲ ਹੇਠ ਹੈ। ਸਮਾਜ ਆਪਸ ਵਿਚ ਆਪਣੀਆਂ ਵਸਤਾਂ ਅਤੇ ਸੇਵਾਵਾਂ ਦਾ ਵਟਾਂਦਰਾ ਮੰਡੀ ਦੇ ਇਸ ਦੈਵੀ ਹੱਕ ਦੇ ਆਦੇਸ਼ਾਂ ਦੀ ਪਾਲਣਾ ਕੀਤੇ ਬਗੈਰ ਵੀ ਕਰ ਸਕਦੇ ਹਨ ਜਿਹਨੂੰ ਵਿਅਕਤੀ ਦੇ ਜਾਂ ਸਮਾਜ ਦੇ ਸਮੂਹਕ ਹਿਤਾਂ ਦੀ ਜ਼ਰਾ ਵੀ ਪਰਵਾਹ ਨਹੀਂ।

ਮੰਡੀ ਦੇ ਦੈਵੀ ਹੱਕ ਦੀ ਆਗਿਆ ਦਾ ਪਾਲਣ ਕੀਤੇ ਬਗੈਰ ਵੀ ਸਮੂਹ ਅਤੇ ਵਿਅਕਤੀ ਵਸਤਾਂ ਤੇ ਸੇਵਾਵਾਂ ਦੀ ਅਦਲਾ ਬਦਲੀ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹਨ। ਇਹਦੇ ਨਾਲ ਨਾਲ ਵਸਤਾਂ ਦੀ ਅਦਲਾ ਬਦਲੀ ਦੇ ਇਕ ਵਸੀਲੇ ਦੇ ਤੌਰ ਤੇ ਬਾਜ਼ਾਰ ਵੀ ਰਹਿ ਸਕਦੇ ਹਨ ਪਰ ਪੈਦਾਵਾਰ ਬੇ-ਹੀਲ-ਹੁਜਤ ਬਾਜ਼ਾਰ ਦੇ ਹਵਾਲੇ ਨਹੀਂ ਕੀਤੀ ਜੀ ਸਕਦੀ। ਮਿਸਾਲ ਦੇ ਤੌਰ ਤੇ ਬਰਤਾਨਵੀ ਸਾਮਰਾਜ ਵਲੋਂ ਹਿੰਦੁਸਤਾਨ ਨੂੰ ਮਤਹਿਤ ਕਰ ਲੈਣ ਮਗਰੋਂ ਉਨ੍ਹਾਂ ਨੇ ਕਿਸਾਨਾਂ ਨੂੰ ਮਜਬੂਰ ਕੀਤਾ ਕਿ ਨੀਲ ਵਰਗੀਆਂ ਨਕਦ ਪੈਸਾ ਦੇਣ ਵਾਲੀਆਂ ਫ਼ਸਲਾਂ ਹੀ ਬੀਜਣ ਜੋ ਵਿਸ਼ਵ ਦੇ ਬਾਜ਼ਾਰ ਵਿਚ ਵੇਚੀਆਂ ਜਾ ਸਕਣ, ਕਿਸਾਨਾਂ ਨੂੰ ਆਮ ਲੋਕਾਂ ਦੀ ਲੋੜ ਜੋਗਾ ਅਨਾਜ ਬੀਜਣ ਦੀ ਆਗਿਆ ਨਹੀਂ ਸੀ ਤੇ ਨਤੀਜਾ ਇਹ ਹੋਇਆ ਕਿ ਵੱਡੇ ਵੱਡੇ ਕਾਲ ਪਏ ਤੇ ਕਰੋੜਾਂ ਲੋਕ ਭੁਖ ਨਾਲ ਮਾਰੇ ਗਏ। ਹੁਣ ਫੇਰ ਇਹੋ ਨਕਸ਼ਾ ਉਭਰ ਰਿਹਾ ਹੈ ਹਿੰਦੁਸਤਾਨ ਵਿਚ ਜਿਥੇ ਜ਼ਮੀਨ ਦੇ ਵੱਡੇ ਰਕਬੇ ਨੂੰ ਬਾਜ਼ਾਰ ਦੀ ਅੰਨ੍ਹੀ ਲੋੜ ਅਨੁਸਾਰ ਕਾਸ਼ਤ ਕੀਤਾ ਜਾ ਰਿਹਾ ਹੈ ਤੇ ਸਟੇਟ ਦੇ ਸਾਰੇ ਅਦਾਰੇ ਜਿਵੇਂ ਕਿ ਖੇਤੀਬਾੜੀ, ਫਾਇਨੈਂਸ, ਤਾਲੀਮ ਆਦਿ ਦੇ ਮੰਤਰਾਲੇ ਕਿਸਾਨਾਂ ਨੂੰ ਮੰਡੀ ਲਈ ਨਕਦ ਪੈਸਾ ਦੇਣ ਵਾਲੀਆਂ ਫ਼ਸਲਾਂ ਬੀਜਣ ਲਈ ਹਲਾਸ਼ੇਰੀ ਦੇ ਕੇ ਕਿਸਾਨਾਂ ਦੀ ਬਰਬਾਦੀ ਨੂੰ ਸੱਦਾ ਦੇ ਰਹੇ ਹਨ। ਦੂਸਰੇ ਪਾਸੇ ਗੁਦਾਮਾਂ ਵਿਚ ਕਰੋੜਾਂ ਟਨ ਅਨਾਜ ਪਿਆ ਹੋਣ ਦੇ ਬਾਵਜੂਦ ਵੀ ਤਕਸੀਮ ਦੇ ਸਹੀ ਢੰਗ ਦੀ ਅਣਹੋਂਦ ਕਰਕੇ ਭੁੱਖ ਅਤੇ ਭੁੱਖਮਰੀ ਫੈਲ ਰਹੀ ਹੈ।

ਮੰਡੀ ਦੇ ਦੈਵੀ ਹੱਕ ਦੀ ਬੇਤੁਕੀ ਦਲੀਲ ਦੇ ਉਲਟ ਜਾ ਕੇ ਲੋਕਾਂ ਨੂੰ ਇਹਦਾ ਮੁਤਬਾਦਲ ਲੱਭਣ ਦੀ ਲੋੜ ਹੈ। ਜੋ ਮੁਤਬਾਦਲ ਮੌਜੂਦ ਹਨ ਉਨ੍ਹਾਂ ਉਤੇ ਲਾਜ਼ਮੀ ਤੌਰ ਚਰਚਾ ਕਰਨੀ ਚਾਹੀਦੀ ਹੈ। ਦੁਨੀਆ ਦੇ ਲੋਕਾਂ ਦੇ ਤਜਰਬੇ ਤੋਂ ਸਿਖਣਾਂ ਚਾਹੀਦਾ ਹੈ। ਸੋਵੀਅਤ ਯੂਨੀਅਨ, ਚੀਨ, ਉਤਰੀ ਕੋਰੀਆ, ਅਮਰੀਕਾ, ਯੂਰਪ ਅਤੇ ਹੋਰਨਾ ਮੁਲਕਾਂ ਦੇ ਹੁਣ ਤੱਕ ਦੇ ਤਜਰਬੇ ਨੂੰ ਘੋਖਣਾ ਚਾਹੀਦਾ ਹੈ। ਪਰ ਸਭ ਤੋਂ ਪਹਿਲਾਂ ਆਪਣੇ ਹਾਲਾਤ ਅਤੇ ਆਪਣੀ ਸੋਚ ਸਮੱਗਰੀ ਨੂੰ ਘੋਖ ਕੇ ਬਣਦੇ ਤੱਤ ਕੱਢਣੇ ਚਾਹੀਦੇ ਹਨ ਤੇ ਬਜ਼ਾਰ ਦੇ ਦੈਵੀ ਹੱਕ ਦਾ ਬਦਲ ਲੱਭਣ ਲਈ ਵਰਤਣੇ ਚਾਹੀਦੇ ਹਨ ਕਿਉਂਕਿ ਮੰਡੀ ਦੀ ਪੂਜਾ ਦਾ ਸਿਧਾਂਤ ਹੁਣ ਤੱਕ ਲੋਕਾਂ ਲਈ ਤਬਾਹੀ ਅਤੇ ਬਰਬਾਦੀ ਦੇ ਬਗੈਰ ਹੋਰ ਕੁਝ ਨਹੀਂ ਲਿਆ ਸਕਿਆ। ਇਹ ਕਹਿਣ ਦੀ ਲੋੜ ਨਹੀਂ ਕਿ ਇਸ ਮਾਮਲੇ ਵਿਚ ਲੋਕ ਸਟੇਟ ਦੇ ਆਦੇਸ਼ ਨੂੰ ਵੀ ਸਵੀਕਾਰ ਨਹੀਂ ਕਰ ਸਕਦੇ। ਉਨ੍ਹਾਂ ਨੂੰ ਸਾਰੇ ਫੈਸਲੇ ਆਪਣੇ ਹੱਥ ਲੈਣੇ ਪੈਣੇ ਹਨ ਅਤੇ ਆਪਣਾ ਕੰਟਰੋਲ ਸਥਾਪਤ ਕਰਨ ਲਈ ਜੁਗਤ ਜੁਗਾੜ ਬਣਾਉਣੇ ਪੈਣੇ ਹਨ। ਬਜ਼ਾਰ, ਸਰਕਾਰ ਅਤੇ ਸਟੇਟ ਲੋਕਾਂ ਦੇ ਮਤਹਿਤ ਹੋਣੇ ਚਾਹੀਦੇ ਹਨ ਲੋਕਾਂ ਤੋਂ ਉੱਤੇ ਨਹੀਂ ਜਿਥੇ ਲੋਕ ਸਟੇਟ ਅਤੇ ਮੰਡੀ ਦੇ ਗੁਲਾਮ ਹੋਣ। ਮੰਡੀ ਦੀ ਪੂਜਾ ਦਾ ਦੋ ਸੌ ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਮੰਡੀ ਦੇ ਦੈਵੀ ਹੱਕ ਦਾ ਖ਼ਾਤਮਾ ਕਰਕੇ ਹੀ ਲੋਕ ਸੁਖ ਦਾ ਸਾਹ ਲੈ ਸਕਦੇ ਹਨ ਤੇ ਮਹਿਫੂਜ਼ ਹੋ ਸਕਦੇ ਹਨ। ਹੱਕਾਂ ਦੀ ਲੜਾਈ ਜਿਤਣ ਲਈ ਹੁਣ ਇਹ ਇਕ ਤਾਰੀਖ਼ੀ ਲੋੜ ਹੈ।